# ਪ੍ਰੈਸ ਨੋਟ

ਮਾਨਯੋਗ ਡਾਇਰੈਕਟਰ ਜਨਰਲ ਪੁਲਿਸ, ਪੰਜਾਬ ਚੰਡੀਗੜ੍ਹ, ਡਿਪਟੀ ਇੰਸਪੈਕਟਰ ਜਨਰਲ, ਫਿਰੋਜਪੁਰ ਰੇਂਜ, ਫਿਰੋਜਪੁਰ ਜੀ ਦੇ ਦਿਸ਼ਾ ਨਿਰਦੇਸ਼ਾਂ ਅਤੇ ਸ੍ਰੀ ਹਰਮਨਬੀਰ ਸਿੰਘ ਗਿੱਲ ਆਈ.ਪੀ.ਐਸ. ਸੀਨੀਅਰ ਕਪਤਾਨ ਪੁਲਿਸ ਫਾਜਿਲਕਾ ਜੀ ਦੀ ਅਗਵਾਈ ਅਤੇ ਸ੍ਰੀ ਅਜੇ ਰਾਜ ਸਿੰਘ ਪੀ.ਪੀ.ਐਸ ਕਪਤਾਨ ਪੁਲਿਸ (ਇੰਨਵੈ) ਫਾਜਿਲਕਾ ਦੀ ਨਿਗਰਾਨੀ ਹੇਠ ਅਸਲਾ ਤਸਕਰਾਂ ਦੇ ਖਿਲਾਫ ਵਿੱਢੀ ਗਈ ਮੁਹਿੰਮ ਤਹਿਤ ਇੰਸਪੈਕਟਰ ਪਰਮਜੀਤ ਸਿੰਘ ਇੰਚਾਰਜ ਸੀ.ਆਈ.ਏ ਸਟਾਫ ਫਾਜਿਲਕਾ ਦੀ ਟੀਮ ਵੱਲੋ ਵੱਡੀ ਕਾਰਵਾਈ ਅਮਲ ਵਿੱਚ ਲਿਆਉਦਿਆਂ ਮੁਖਬਰ ਖਾਸ ਵੱਲੋ ਇਤਲਾਹ ਮਿਲਣ ਤੇ ਰਵਿੰਦਰ ਮੋਹਨ ਉਰਫ ਗੋਰਾ ਪੁੱਤਰ ਰਾਮ ਮੂਰਤੀ ਵਾਸੀ ਮਕਾਨ ਨੰਬਰ 24 ਏ.ਡੀ.ਸੀ. ਕਲੋਨੀ ਬਰਨਾਲਾ ਰੋਡ ਸਿਰਸਾ (ਹਰਿਆਣਾ) ਨੂੰ ਪੁੱਲ ਨਹਿਰ ਪਿੰਡ ਢਿੱਪਾਂਵਾਲੀ ਕੋਲ ਨਾਕਾਬੰਦੀ ਦੌਰਾਨ ਕਾਬੂ ਕੀਤਾ ਗਿਆ ਅਤੇ ਉਸਦੀ ਨਿਸ਼ਾਨਦੇਹੀ ਪਰ02ਪਿਸਟਲ 30ੰੰ ਮਾਰਕਾ ਜਿਗਾਨਾ, ਕੁੱਲ 4 ਮੈਗਜੀਨ, 47 ਜਿੰਦਾ ਕਾਰਤੂਸ, 4 ਗ੍ਰਨੇਡ ਅਤੇ 50 ਹਜਾਰ ਰੁਪਏ ਭਾਰਤੀ ਕਰੰਸੀ ਬ੍ਰਾਮਦ ਕੀਤੀ ਗਈ। ਰਵਿੰਦਰ ਮੋਹਨ ਉਰਫ ਗੋਰਾ ਦੇ ਸਬੰਧ ਬਦਮਾਸ਼ ਅਸ਼ੀਸ਼ ਪੁੱਤਰ ਰਾਮਬੀਰ ਵਾਸੀ ਰੁੜਕੀ ਜਿਲ੍ਹਾ ਹਰੀਦਵਾਰ (ਉਤਰਾਖੰਡ) ਨਾਲ ਹਨ, ਜੋ ਕਿ ਤਿਹਾੜ ਜੇਲ੍ਹ ਦਿੱਲੀ ਵਿੱਚ ਬੰਦ ਹੈ, ਜਿਸਦੇ ਸਬੰਧ ਪਾਕਿਸਤਾਨੀ ਸਮੱਗਲਰਾਂ ਨਾਲ ਹਨ, ਜਿਹਨਾਂ ਪਾਸੋਂ ਅਸ਼ੀਸ਼ ਹਥਿਆਰ ਅਤੇ ਨਸ਼ੇ ਦੀ ਖੇਪ ਭਾਰਤੀ ਸਰਹੱਦ ਵਿਚ ਮੰਗਵਾਉਂਦਾ ਹੈ। ਅਸ਼ੀਸ਼ ਨੇ ਕੁੱਝ ਦਿਨ ਪਹਿਲਾਂ ਹੀ ਪਾਕਿਸਤਾਨੀ ਸਮੱਗਲਰਾਂ ਤੋਂ ਹਥਿਆਰਾਂ ਦੀ ਖੇਪ ਮੰਗਵਾ ਕੇ ਜਿਲ੍ਹਾ ਫਾਜ਼ਿਲਕਾ ਦੇ ਏਰੀਆ ਵਿੱਚ ਲੁੱਕਾ-ਛੁਪਾ ਕੇ ਰੱਖਵਾਈ ਹੋਈ ਸੀ, ਜਿਸਨੂੰ ਚੁੱਕਣ ਲਈ ਰਵਿੰਦਰ ਉੱਕਤ ਫਾਜਿਲਕਾ ਏਰੀਆ ਵੱਲ ਨੂੰ ਆ ਰਿਹਾ ਸੀ। ਉਕਤ ਇਤਲਾਹ ਪਰ ਕਾਰਵਾਈ ਕਰਦਿਆਂ ਮੁਕੱਦਮਾਂ ਨੰਬਰ 151 ਮਿਤੀ 29.10.2021 ਅ/ਧ 25/54/59 ਅਸਲਾ ਐਕਟ ਥਾਣਾ ਅਰਨੀਵਾਲਾ ਦਰਜ ਰਜਿਸਟਰ ਕੀਤਾ ਗਿਆ ਹੈ। ਰਵਿੰਦਰ ਮੋਹਨ ਨੂੰ ਗ੍ਰਿਫਤਾਰ ਕਰਕੇ ਮਾਣਯੋਗ ਅਦਾਲਤ ਵਿਖੇ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕਰਕੇ ਇਸ ਪਾਸੋਂ ਪੰਜਾਬ ਦੇ ਹਥਿਆਰ ਤਸਕਰਾਂ ਬਾਰੇ ਵੱਡੀ ਜਾਣਕਾਰੀ ਹਾਸਲ ਕੀਤੀ ਜਾਵੇਗੀ।ਅਸ਼ੀਸ਼ ਕੁਮਾਰ ਚੌਧਰੀ ਉਰਫ ਅਸ਼ੀਸ਼ ਇਕ ਬਦਮਾਸ਼ ਕਿਸਮ ਦਾ ਵਿਅਕਤੀ ਹੈ। ਅਸ਼ੀਸ਼ ਦੇ ਕਈ ਗੈਂਗਸਟਰਾਂ ਅਤੇ ਸਮੱਗਲਰਾਂ ਨਾਲ ਸਬੰਧ ਹਨ। ਅਸ਼ੀਸ਼ ਦੇ ਖਿਲਾਫ ਪੰਜਾਬ ਦੇ ਵੱਖ-ਵੱਖ ਜਿਲ੍ਹਿਆਂ ਵਿਚ ਅਤੇ ਹੋਰ ਰਾਜਾਂ ਵਿਚ ਵੱਖ-ਵੱਖ ਧਾਰਾਵਾਂ ਤਹਿਤ 8 ਮੁਕੱਦਮੇ ਦਰਜ ਰਜਿਸਟਰ ਹਨ ਅਤੇ ਹੁਣ ਅਸ਼ੀਸ਼ ਤਿਹਾੜ ਜੇਲ੍ਹ ਵਿਚ ਬੰਦ ਹੈ, ਜਿਸਨੂੰ ਪ੍ਰੋਡਕਸ਼ਨ ਵਾਰੰਟ ਪਰ ਲਿਆ ਕੇ ਉਸ ਪਾਸੋ ਡੂੰਘਾਈ ਨਾਲ ਪੁੱਛ ਗਿੱਛ ਕੀਤੀ ਜਾਵੇਗੀ, ਜਿਸ ਤੋ ਪੁਲਿਸ ਨੂੰ ਹੋਰ ਵੀ ਗੈਰ ਕਾਨੂੰਨੀ ਹਥਿਆਰਾਂ ਦੀ ਬ੍ਰਾਮਦਗੀ ਹੋਣ ਦੀ ਸੰਭਾਵਨਾ ਹੈ ਅਤੇ ਇਸ ਗੈਰ ਕਾਨੂੰਨੀ ਹਥਿਆਰਾਂ ਦੇ ਮਾਮਲੇ ਨਾਲ ਸਬੰਧਤ ਜਿੰਨ੍ਹੇ ਵੀ ਹੋਰ ਵਿਅਕਤੀ ਸਾਹਮਣੇ ਆਉਂਦੇ ਹਨ ਤਾਂ ਉਹਨਾਂ ਦੇ ਖਿਲਾਫ ਵੀ ਬਣਦੀ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

ਮੁਕੱਦਮਾਂ ਨੰਬਰ 151 ਮਿਤੀ 29.10.2021 ਅ/ਧ 25/54/59 ਅਸਲਾ ਐਕਟ ਥਾਣਾ ਅਰਨੀਵਾਲਾ

ਬ੍ਰਾਮਦਗੀ :

1) 02 ਪਿਸਟਲ ਮਾਰਕਾ ਜਿਗਾਨਾ

2) ਕੁੱਲ 4 ਮੈਗਜ਼ੀਨ

3) 47 ਜ਼ਿੰਦਾ ਕਾਰਤੂਸ

4) 4 ਗ੍ਰਨੇਡ

5) 50 ਹਜਾਰ ਰੁਪਏ ਭਾਰਤੀ ਕਰੰਸੀ

ਅਸ਼ੀਸ਼, ਜੋ ਕਿ ਤਿਹਾੜ ਜੇਲ੍ਹ ਦਿੱਲੀ ਵਿਖੇ ਬੰਦ ਹੈ, ਜਿਸਦੇ ਖਿਲਾਫ ਹੇਠ ਲਿੱਖੇ ਮੁਕੱਦਮੇ ਦਰਜ ਹਨ:-

1. ਮੁਕੱਦਮਾ ਨੰਬਰ 24, ਮਿਤੀ 20/02/2020, ਅ/ਧ 25 ਅਸਲਾ ਐਕਟ; ਥਾਣਾ ਦਿੜਬਾ ਜਿਲਾ ਸੰਗਰੂਰ ਪੰਜਾਬ

2. ਮੁਕੱਦਮਾ ਨੰਬਰ 2, ਮਿਤੀ 05/02/2020, ਅ/ਧ 120-ਬੀ ਭ:ਦ 25 ਅਸਲਾ ਐਕਟ 10, 13, 18, 19, 20 Unlawful Activity Prevention Act, ਥਾਣਾ SSOC, ਜਿਲਾ ਐਸ.ਏ.ਐਸ ਨਗਰ ਪੰਜਾਬ

3. ਮੁਕੱਦਮਾ ਨੰਬਰ 186, ਮਿਤੀ 26/11/2019, ਅ/ਧ 302, 307, 325, 120-ਬੀ ਭ:ਦ ਥਾਣਾ ਸਿਟੀ-1 ਮਲੇਰਕੋਟਲਾ ਜਿਲਾ ਸੰਗਰੂਰ ਪੰਜਾਬ

4. ਮੁਕੱਦਮਾ ਨੰਬਰ 64 ਮਿਤੀ 14/04/2018 ਅ/ਧ 307, 440, 473, 212, 216, 201, 148, 149, 120 ਭ:ਦ, 25 ਅਸਲਾ ਐਕਟ, ਥਾਣਾ ਫੇਸ-1 ਐਸ.ਏ.ਐਸ ਨਗਰ ਪੰਜਾਬ

5. ਮੁਕੱਦਮਾ ਨੰਬਰ 20 ਮਿਤੀ 08/03/2014, ਅ/ਧ 52-ਏ ਜੇਲ ਐਕਟ ਥਾਣਾ ਕੋਤਵਾਲੀ ਨਾਭਾ ਜਿਲਾ ਪਟਿਆਲਾ ਪੰਜਾਬ

6. ਮੁਕੱਦਮਾ ਨੰਬਰ 158 ਮਿਤੀ 01/01/2006, ਅ/ਧ 25 ਅਸਲਾ ਐਕਟ ਥਾਣਾ ਖਰਖੋਦਾ ਜਿਲਾ ਮਿਰੂਤ ਉੱਤਰ ਪ੍ਰਦੇਸ਼

7. ਮੁਕੱਦਮਾ ਨੰਬਰ 51 ਮਿਤੀ 06/04/2010, ਅ/ਧ 21/61/85 ਐਨ.ਡੀ.ਪੀ.ਐਸ ਐਕਟ ਥਾਣਾ ਲਾਲੜੂ ਜਿਲਾ ਐਸ.ਏ.ਐਸ ਨਗਰ ਪੰਜਾਬ

8. ਮੁਕੱਦਮਾ ਨੰਬਰ 112 ਮਿਤੀ 17/08/2009 ਅ/ਧ 61/01/14 ਆਬਕਾਰੀ ਐਕਟ ਥਾਣਾ ਲਾਲੜੂ ਜਿਲਾ ਐਸ.ਏ.ਐਸ ਨਗਰ ਪੰਜਾਬ